National Research Journal of Social Sciences
Volume-11, Issue-1, January-June 2026
PP: 129-133
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਤੇਗ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂੰ ਆਨ : ਅਦੁੱਤੀ ਸ਼ਹਾਦਤ ਦੀ ਲਾਸਾਨੀ ਮਿਸਾਲ ਸ਼੍ਰੀ ਗੁਰੂ ਤੇਗ ਬਹਾਦਰ ਜੀ

**ਰਾਜਿੰਦਰ ਕੌਰ**

ਸਹਾਇਕ ਪ੍ਰੋਫੈਸਰ
ਪੰਜਾਬੀ ਵਿਭਾਗ, ਸੰਤ ਦਰਬਾਰਾ ਸਿੰਘ ਕਾਲਜ ਫਾਰ ਵਿਮੈਨ ਲੋਪੋ(ਮੋਗਾ)

**ਸਾਰੰਸ਼**

'ਤੇਗ ਬਹਾਦਰ' ਸੀ ਕ੍ਰਿਆ ਕਰੀ ਨਾ ਕਿਨਹੂੰ ਆਨ 'ਸਤ੍ਰਰਾਂ ਨਾਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਿਤਾ ਤੇ ਗੁਰੂ ਸ਼੍ਰੀ ਤੇਗ ਬਹਾਦਰ ਜੀ ਨੂੰ ਸ਼ਹਾਦਤ ਤੋਂ ਪਿੱਛੋ ਅਕੀਦਤ ਭੇਂਟ ਕੀਤੀ ਹੈ । ਇਸ ਪਰਚੇ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿੱਚ ਸ਼ਹੀਦ , ਸ਼ਹਾਦਤ ਅਤੇ ਸਿੱਖੀ ਇਬਾਦਤ ਤੋ ਲੈਂ ਕੇ ਸ਼ਹਾਦਤ ਤੱਕ ਅਤੇ ਸਿੱਖੀ ਤੇ ਸਿੱਖ ਪਰੰਪਰਾ ਦੇ ਇਤਿਹਾਸ ਦੇ ਨਾਲ-ਨਾਲ ਇਸਦੇ ਪਿਛੋਕੜ ਤੇ ਗੁਰੂ ਨਾਨਕ ਸਾਹਿਬ ਦੇ ਸਮੇਂ ਤੋ ਚੱਲੀ ਆ ਰਹੀ ਸਿੱਖ ਪਰੰਪਰਾਂ ਬਾਰੇ ਵਿਚਾਰ ਕੀਤੀ ਗਈ ਹੈ। ਇਸ ਭਾਗ ਵਿੱਚ ਵਿਭਿੰਨ ਚਿੰਤਕਾਂ ਦੁਆਰਾ ਇਸ ਇਤਿਹਾਸਕ ਪ੍ਰਸੰਗ ਦਾ ਵਿਸ਼ਲੇਸ਼ਣ ਅਤੇ ਵਿਆਖਿਆਂ ਬਾਰੇ ਚਰਚਾ ਕੀਤੀ ਗਈ ਹੈ। ਦੂਜੇ ਭਾਗ ਵਿੱਚ ਸਭ ਤੋ ਪਹਿਲਾ ਭਾਈ ਸੰਤੋਖ ਸਿੰਘ ਜੀ ਨੇ ਆਪਣੇ ਗ੍ਰੰਥ "ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ' ਵਿੱਚ ਪੇਸ਼ ਕੀਤੇ ਗਏ ਹਵਾਲਿਆ ਨੂੰ ਆਧਾਰ ਬਣਾਇਆ ਗਿਆ ਹੈ। ਜਿਸਦੇ ਅੰਤਰਗਤ ਉਸਨੇ ਔਰੰਗਜ਼ੇਬ ਦੇ ਜ਼ਮਾਨੇ ਅਤੇ ਦੀਨ ਸਬੰਧੀ ਨੀਤੀ ਦਾ ਵਰਨਣ ਬਾਰ੍ਹਵੀਂ ਰਾਸ ਦੇ ਅੱਸੂ 27 ਤੋ ਆਰੰਭ ਹੈ ਇਸ ਵਿੱਚ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਔਰੰਗਜ਼ੇਬ ਪੁੱਠਾ ਰਾਹੀ ਅਖ਼ਤਿਆਰ ਕਰਕੇ, ਸਾਰੇ ਮਨੁੱਖਾਂ ਨੂੰ ਸ਼ਰ੍ਹਾਂ ਵਿੱਚ ਲਿਆਉਣ ਲਈ, ਹਿੰਦੁਸਤਾਨ ਦੀ ਧਰਤੀ ਨੂੰ ਇਸਲਾਮ ਦੀ ਜੱਨਤ ਬਣਾਉਣਾ ਚਾਹੁੰਦਾ ਸੀ,ਬਾਰੇ ਚਰਚਾ ਕਰਦਿਆ ਹੋਇਆ,ਸੰਸਾਰ ਭਰ ਵਿੱਚ ਪਹਿਲਾ ਇਹੋ ਜਿਹੀ ਘਟਨਾ ਨਹੀਂ ਵਾਪਰੀ, ਕਿ ਮਕਤੂਲ- ਖੁਦ ਕਾਤਿਲ ਕੋਲ ਜਾਵੇ ਆਦਿ ਦਾ ਜ਼ਿਕਰ ਕੀਤਾ ਗਿਆ ਹੈ। ਗੁਰੂ ਤੇਗ ਬਹਾਦਰ ਜੀ ਆਪ ਜਨੇਊ ਨਹੀਂ ਪਹਿਨਦੇ ਸਨ ਤੇ ਨਾ ਹੀ ਤਿਲਕ ਲਾਉਂਦੇ ਸਨ ਪਰ ਜਦੋ ਦਮਨਕਾਰੀ ਹੁਕਮਰਾਨਾਂ ਨੇ ਉਹ ਤਿਲਕ ਤੇ ਜਨੇਊ ਜਬਰੀ ਲਾਹੁਣ ਦੀ ਕੋਸ਼ਿਸ ਕੀਤੀ,ਜਿਹੜਾ ਉਹ ਆਪ ਪਹਿਨਦੇ ਹੀ ਨਹੀਂ ਸਨ,ਨੂੰ ਬਚਾਉਣ ਲਈ ਆਪਣੀ ਸ਼ਹਾਦਤ ਦਿੱਤੀ। ਇਸ ਤਰ੍ਹਾਂ ਇਹ ਸਾਰਾ ਵਰਤਾਰਾ "ਤੇਗ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂੰ ਆਨ" ਦਾ ਹੀ ਬਿਰਤਾਂਤ ਸਿਰਜ ਰਿਹਾ ਪ੍ਰਤੀਤ ਹੁੰਦਾ ਹੈ।ਤੀਜੇ ਭਾਗ ਵਿੱਚ 21ਵੀ ਸਦੀਂ ਨੂੰ ਆਧਾਰ ਬਣਾ ਕੇ ਅਜੋਕੇ ਸਮੇਂ ਦੇ ਸੰਦਰਭ ਵਿੱਚ ਮਨੁੱਖੀ ਅਧਿਕਾਰਾਂ,ਨੈਤਿਕ ਕਦਰਾਂ-ਕੀਮਤਾਂ ਬਾਰੇ ਗੱਲ ਕਰਦੇ ਹੋਏ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਅੱਜ ਵੀ ਉਹਨੀ ਹੀ ਸਾਰਥਕ ਹੈ, ਜਿੰਨ੍ਹਾ ਕਿ ਉਸ ਵਕਤ Hall ਅਤੇ Voltaire ਦੇ ਹਵਾਲੇ ਨਾਲ ਵਿਚਾਰਾਂ ਦੀ ਆਜਾਦੀ ਦੀ ਗੱਲ, ਧਰਮ ਦੀ ਆਜਾਦੀ ਦੀ ਗੱਲ ਬਾਰੇ ਚਰਚਾ ਕਰਦੇ ਹੋਏ,ਗੁਰੂ ਤੇਗ ਬਹਾਦਰ ਨੇ ਆਪਣੀ ਸ਼ਹਾਦਤ ਨਾਲ ਇੰਨ੍ਹਾਂ ਮਨੁੱਖੀ ਅਧਿਕਾਰਾਂ ਦੀ ਕਿਸ ਤਰ੍ਹਾਂ ਰੱਖਿਆ ਕੀਤੀ ਹੈ,ਬਾਰੇ ਵਿਸਤਾਰ ਤਹਿਤ ਵਿਚਾਰ -ਵਿਮਰਸ਼ ਕੀਤਾ ਗਿਆ।

**ਮੁੱਖ ਸ਼ਬਦ** :- ਇਬਾਦਤ ਤੇ ਸ਼ਹਾਦਤ, ਸ਼ਹਾਦਤ ਤੇ ਸ਼ਹੀਦ ਦਾ ਸੰਕਲਪ ਕੁਰਾਨ ਮਜੀਦ ਦੇ ਸੰਦਰਭ ਵਿੱਚ,ਗੁਰੂ ਨਾਨਕ ਪਰੰਪਰਾਂ ਤੇ ਸਿੱਖ, ਇਤਿਹਾਸਕ ਪਿਛੋਕੜ, ਗੁਰੂ ਜੀ ਦੀ ਅਦੁੱਤੀ ਸ਼ਹਾਦਤ, ਮਨੁੱਖੀ ਅਧਿਕਾਰ, ਲੋਕਤੰਤਰੀ ਮੁੱਲ/ ਕਦਰਾਂ-ਕੀਮਤਾਂ HALL ਤੇ VOLTAIRE ਤੇ ਪਰਿਪੇਖ ਵਿੱਚ, ਸਾਹਿਬ ਦੀਆਂ ਸਿੱਖਿਆਵਾਂ ਤੇ ਬਲੀਦਾਨ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਸ੍ਰੋਤ।

ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਨੇ ਆਪਣੇ ਗੁਰੂ ਤੇ ਪਿਤਾ ਸ਼੍ਰੀ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਤੋ ਬਾਅਦ ਇੰਨ੍ਹਾਂ ਸਤ੍ਰਰਾਂ ਨਾਲ ਉਹਨਾਂ ਨੂੰ ਆਪਣੀ ਅਕੀਦਤ ਭੇਂਟ ਕੀਤੀ ਹੈ। ਨੌਵੇਂ ਪਾਤਸ਼ਾਹ ਜਿੰਨ੍ਹਾਂ ਨੇ ਧਰਮ ,ਵਿਸ਼ਵਾਸ, ਆਦਰਸ਼ ਤੇ ਸਚਿਆਈ ਨੂੰ ਸਥਾਪਤ ਕਰਨ ਲਈ, ਜ਼ੁਲਮ ਨੂੰ ਖਿੜੇ ਮੱਥੇ ਸਹਿਣ ਕਰਦੇ ਹੋਏ, ਆਪਣੇ ਜੀਵਨ ਦਾ ਬਲੀਦਾਨ ਦਿੱਤਾ

ਜੇਕਰ ਸਿੱਖ ਧਰਮ ਦੀ ਗੱਲ ਕਰੀਏ ਤਾਂ ਸਿੱਖੀ ਇਬਾਦਤ ਤੋਂ ਲੈ ਕੇ ਸ਼ਹਾਦਤ ਤੱਕ ਦਾ ਲੰਮਾ ਸਫ਼ਰ ਹੈ। ਇਬਾਦਤ ਜਾਂ ਬੰਦਗੀ ਇਸ ਦੀ ਬੁਨਿਆਦ ਹੈ ਤੇ ਸ਼ਹਾਦਤ ਸਿਖਰ ਦਾ ਕਲਸ਼ । ਗੁਰਬਾਣੀ ਸਾਨੂੰ ਇਹ ਦੱਸਦੀ ਹੈ ਕਿ ਸਿੱਖ ਨੇ ਜਿਉਣਾ ਕਿਵੇਂ ਹੈ। ਸ਼ਹਾਦਤ ਦੇ ਸੰਕਲਪ ਦੇ ਅੰਤਰਗਤ ਕੁਰਬਾਨੀ ਉਹ ਸਬਕ ਹੈ ਜੋ ਇਹ ਜੀਵਨ- ਜਾਚ ਸਿਖਾਉਦੀ ਹੈ, ਕਿ ਨਿਰਭਓ ਤੇ ਨਿਰਵੈਰ ਰਹਿ ਕੇ ਮਰਨਾ ਕਿਵੇਂ ਹੈ ? ਇੰਨ੍ਹਾਂ ਦੋਹਾਂ ਦੇ ਸੁਮੇਲ ਨੇ ਹੀ ਸਿੱਖ ਤੇ ਸਿੱਖ ਇਤਿਹਾਸ ਨੂੰ ਚਮਤਕਾਰੀ ਤੇ ਵਿਲੱਖਣ ਬਣਾਇਆ।[1]

ਸ਼ਹਾਦਤ ਤੇ ਸ਼ਹੀਦ ਦੋਵੇਂ ਲਫ਼ਜ਼ ਮੂਲ ਰੂਪ ਵਿੱਚ ਅਰਬੀ ਭਾਸ਼ਾਂ ਦੇ ਹਨ ਅਤੇ ਇਨ੍ਹਾਂ ਦੇ ਕੋਸ਼ੀ ਅਰਥ ਕ੍ਰਮਵਾਰ 'ਗਵਾਹੀ' ਅਤੇ 'ਗਵਾਹ' ਜਾਂ 'ਸਾਖੀ ਭਰਨ ਵਾਲਾ' ਹਨ।[2] ਇਹ ਦੋਵੇ ਸ਼ਬਦ ਪਹਿਲੀ ਵਾਰ'ਕੁਰਆਨ ਮਜੀਦ' ਦੇ 'ਸੂਰਾ-ਅਲ-ਨਿਸ਼ਾ' ਦੀ ਆਇਦਤ 42 ਅਤੇ 'ਸੂਰਾ-ਅਲ-ਬਕਰ ਦੀ ਆਇਤ 133 ਵਿੱਚ ਵਰਤੇ ਗਏ ਹਨ।[3] ਸਿੱਖ ਚਿੰਤਨ ਵਿੱਚ ਇਨ੍ਹਾਂ ਸ਼ਬਦਾਂ ਨੂੰ ਅਰਬੀ -ਫ਼ਾਰਸੀ ਦੇ ਸ੍ਰੋਤਾਂ ਤੋਂ ਲੈ ਕੇ ਇਨ੍ਹਾਂ ਦਾ ਸਿਧਾਂਤੀਕਰਣ ਕਰਦਾ ਹੋਇਆ, ਧਰਮ, ਦੇਸ਼ -ਕੌਮ ਦੀ ਖ਼ਾਤਰ ਜਾਨ ਕੁਰਬਾਨ ਕਰਨ ਵਾਲਿਆਂ ਲਈ ਵਰਤਦਾ ਹੋਇਆ ਨਵਾਂ ਪ੍ਰਸੰਗ ਸਿਰਜਦਾ ਹੈ। ਭਾਰਤੀ ਚਿੰਤਨ ਵਿੱਚ 'ਸ਼ਹਾਦਤ' ਸ਼ਬਦ ਪਹਿਲੀ ਵਾਰ ਸਿੱਖੀ ਦੇ ਪ੍ਰਸੰਗ ਵਿੱਚ ਆਏ ਹਨ।

ਗੁਰੂ ਨਾਨਕ ਪਰੰਪਰਾ ਦੇ ਅੰਤਰਗਤ , ਸਿੱਖ ਕਿਵੇ ਦਾ ਹੋਣਾ ਚਾਹੀਦਾ ਹੈ? ਇਸਦੇ ਸਰੂਪ ਨੂੰ ਵੀ ਪਰਿਭਾਸ਼ਤ ਕੀਤਾ ਗਿਆ ਹੈ। ਸਿੱਖ ਦੇ ਇਸ ਰੰਗ ਰਤੜੇ ਵਿਅਕਤੀਤਵ ਨੂੰ ਬਿਆਨ ਕਰਦਾ ਸਿੱਖ ਚੇਤਨਾ ਦਾ ਵਿਦਵਾਨ ਪ੍ਰੋ: ਪੂਰਨ ਸਿੰਘ ਕਹਿੰਦਾ ਹੈ:- ਸਿੱਖ ਦੀ ਹਸਤੀ ਬਾਣੀ ਨਾਲ ਜੁੜੀ ਪਿਆਰ ਵਿਗੁਤੀ । ਸ਼ਕਤੀਸ਼ਾਲੀ ਤੇ ਨਿਮਰ, ਨਿਰਭੈ, ਮੌਤ ਨੂੰ ਮਖੌਲ ਕਰਦੀ ਜੱਫੀਆਂ ਪਾਉਂਦੀ , ਮਾਲਕ ਦੇ ਨਾਮ ਤੋਂ ਸਦਾ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਨਿਰਸਵਾਰਥ ਜਾਨ ਵਾਰ ਦਿੰਦੀ ਹੈ, ਸ਼ਮ੍ਹਾ ਦੁਆਲੇ ਪਰਵਾਨੇ ਵਾਂਗ ਸੜ ਉੱਠਦੀ ਹੈ, ਨਾਇਕਾਂ ਵਾਂਗ ਜਿਉਂਦੀ , ਚੰਦਰ ਮੰਡਲ ਵਾਂਗ ਚਮਕਦੀ ਹਰ ਸਮੇਂ ਮਸਤੀ ਭਰੇ ਮਿੱਠਤ ਹੁਲਾਸ ਦੀ ,ਜੀਵਨ ਦੇ ਗਮਾਂ ਤੋ ਉੱਪਰ ਉੱਠੀ ਸਰਬੱਤ ਦਾ ਭਲਾ ਮੰਗਦੀ ਅਤੇ ਨਿਸ਼ਕਾਮ ਵਿਚਰਦੀ ਹੈ।[4]

ਦੂਜੇ ਸ਼ਬਦਾਂ ਵਿੱਚ ਸਿੱਖ ਉਹ ਵਿਅਕਤੀ ਵਿਸ਼ੇਸ਼ ਹੈ, ਜੋ ਖੁਸ਼ੀ ਨਾਲ ਆਪਣੇ ਧਰਮ ਅਤੇ ਆਦਰਸ਼ ਦੀ ਸਚਿਆਈ ਨੂੰ ਕਾਇਮ ਰੱਖਦਾ ਹੋਇਆ , ਆਪਣੇ ਜੀਵਨ ਦੀ ਕੁਰਬਾਨੀ ਦਿੰਦਾ ਹੈ। ਇਸ ਸੰਬੰਧੀ ਡਾ: ਜਸਪਾਲ ਸਿੰਘ ਦਾ ਵਿਚਾਰ ਹੈ ਕਿ 'ਸ਼ਹਾਦਤ ਦੇਣ ਵਾਲਾ ਜਿਉਂਦਿਆਂ ਆਪਣੇ ਧਾਰਮਿਕ ਵਿਸ਼ਵਾਸ਼ ਉਪਰ ਕਾਇਮ ਰਹਿੰਦਾ ਹੈ ਅਤੇ ਆਪਣੀ ਹੋਂਦ ਨੂੰ ਜਿਉਂਦਿਆ ਹੀ ਆਪਣੇ ਇਸ਼ਟ ਦੇ ਹਵਾਲੇ ਕਰ ਦਿੰਦਾ ਹੈ। ਫਿਰ ਜੇ ਉਸਦੇ ਵਿਸ਼ਵਾਸ਼ ਨੂੰ ਠੇਸ ਲੱਗੇ ਜਾਂ ਕੋਈ ਉਸਦੇ ਧਾਰਮਿਕ ਅਕੀਦੇ ਨੂੰ ਖੋਹਣ ਦੀ ਕੋਸ਼ਿਸ਼ ਕਰੇ ਤਾਂ ਸ਼ਾਇਦ ਸਿਰ -ਧੜ ਦੀ ਬਾਜ਼ੀ ਲਾ ਕੇ ਉਸਦੀ ਰੱਖਿਆ ਕਰਦਾ ਹੈ।[5]

ਸਿੱਖੀ ਇਬਾਦਤ ਤੇ ਸ਼ਹਾਦਤ ਦੇ ਸੰਕਲਪਾਂ ਦੇ ਅੰਤਰਗਤ, ਗੁਰੂ ਨਾਨਕ ਗੱਦੀ ਦੇ ਨੌਵੇਂ ਗੱਦੀ ਨਸ਼ੀਨ, ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ 350 ਵਰ੍ਹੇ ਮਨਾਉਂਦੇ ਹੋਏ, ਨਤਮਸਤਕ ਹੁੰਦੇ ਹਾਂ, ਜਿਨ੍ਹਾਂ ਨੇ ਆਪਣੀ ਕਰਨੀ ਨਾਲ, ਆਪਣੀ ਸ਼ਹਾਦਤ ਨਾਲ ਸਿੱਖ ਇਤਿਹਾਸ ਤਾਂ ਕੀ ਦੁਨੀਆ ਦੇ ਇਤਿਹਾਸ ਦਾ ਰੁੱਖ ਬਦਲ ਕੇ ਰੱਖ ਦਿੱਤਾ। ਗੱਲ ਭਾਵੇਂ ਵਿਚਾਰਾਂ ਦੀ ਆਜ਼ਾਦੀ ਦੀ ਹੋਵੇ, ਧਰਮ ਦੀ ਗੱਲ ਹੋਵੇ ਜਾਂ ਬੁਨਿਆਦੀ ਅਧਿਕਾਰਾਂ ਦੀ ਗੱਲ ਹੋਵੇ, ਇਨ੍ਹਾਂ ਸਾਰੇ ਹੱਕਾਂ ਤੇ ਹਕੂਕਾਂ ਨੂੰ ਬਹਾਲ ਕਰਨ ਲਈ ਆਪਣੀ ਸ਼ਹਾਦਤ ਦਿੱਤੀ ਜੋ ਕਰੀ ਨਾ ਕਿਨਹੂ ਆਨ" ਦੀ ਧਾਰਣੀ ਬਣਦੀ ਹੋਈ, ਅਜਿਹੀ ਅਦੁੱਤੀ ਤੇ ਲਾਸਾਨੀ ਮਿਸਾਲ ਹੈ , ਜੋ ਦੁਨੀਆ ਦੇ ਇਤਿਹਾਸ ਵਿੱਚ ਕਿਤੇ ਵੀ ਨਜ਼ਰ ਨਹੀਂ ਆਉਂਦੀ।

ਜੇਕਰ ਇਤਿਹਾਸਕ ਪਿਛੋਕੜ ਵੱਲ ਝਾਤ ਮਾਰੀਏ ਤਾਂ ਇਹ ਸ਼ਹਾਦਤ ਦੀ ਪਰੰਪਰਾ ਗੁਰੂ ਨਾਨਕ ਸਾਹਿਬ ਦੇ ਸਮੇਂ ਤੋ ਹੀ ਚੱਲੀ ਆ ਰਹੀ ਹੈ, ਉਨ੍ਹਾਂ ਦੀ ਹਦਾਇਤ ਸੀ ਕਿ ਅਗਰ ਸੱਚ ਦੇ ਮਾਰਗ ਤੇ ਚੱਲਣਾ ਹੈ ਤਾਂ ਸਿਰ ਤਲੀ ਤੇ ਧਰਨਾ ਉਸਦੀ ਪਹਿਲੀ ਸ਼ਰਤ ਹੈ, ਗੁਰੂ ਨਾਨਕ ਦੇਵ ਜੀ ਅਨੁਸਾਰ " ਮਰਣ ਮੁਣਸਾ ਸੂਰਿਆ ਹੱਕ ਹੈ, ਜੋ ਹੋਇ ਮਰਨਿ ਪਰਵਾਣ।"[6] ਅਜਿਹੇ ਸੂਰਮੇ ਮੌਤ ਦੇ ਦਰਵਾਜ਼ੇ ਤੋਂ ਲੰਘ ਕੇ ਹੀ ਹੱਕ ਤੇ ਸੱਚ ਦੀ ਗਵਾਹੀ ਭਰਦੇ ਹਨ। ਇਹ ਸੱਚ ਦੇ ਸਿਧਾਂਤ ਨੂੰ ਗੁਰੂ ਸਾਹਿਬ ਨੇ ਆਪਣੇ ਤੱਕ ਸੀਮਿਤ ਨਹੀਂ ਰੱਖਿਆ, ਸਗੋ ਨਿਰੰਤਰ ਗਤੀਸ਼ੀਲ ਰਹਿੰਦਾ ਹੈ। ਇਸ ਸਿਧਾਂਤ ਨੂੰ ਅਪਣਾਉਂਦੇ ਹੋਏ ਪੰਚਮ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ :-

ਪਹਿਲਾ ਮਰਣੁ ਕਬੂਲਿ ਜੀਵਨ ਕੀ ਛਡਿ ਆਸ

ਹੋਹ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸ॥[7]

ਇਸ ਤਰ੍ਹਾਂ ਕਿਹਾ ਜਾਂਦਾ ਹੈ ਕਿ ਸਿੱਖਾਂ ਦੀ ਜਮਾਤ ਹੈ ਹੀ ਉਨ੍ਹਾਂ ਮਰਜੀਵੜੇ ਲੋਕਾਂ ਦੀ , ਜਿੰਨ੍ਹਾਂ ਸ਼ਹਾਦਤ ਦਾ ਅਹਿਦ ਕੀਤਾ ਹੋਵੇ । ਇਸ ਸੰਦਰਭ ਵਿਚ ਅਗਲਾ ਨਾਮ ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ ਹੈ, ਜਿੰਨ੍ਹਾਂ ਨੇ ਲੋਕਾਂ ਦੇ ਹੱਕ ਵਿੱਚ ਮਹਾਨ ਸਿੱਖੀ ਸਿਧਾਂਤਾਂ ਤੇ ਨਾ ਕੇਵਲ ਪਹਿਰਾ ਹੀ ਦਿੱਤਾ ਸਗੋਂ ਆਪਣਾ ਆਪ ਕੁਰਬਾਨ ਕਰ ਦਿੱਤਾ । ਗੁਰੂ ਤੇਗ ਬਹਾਦਰ ਜੀ ਦਾ ਇਹ ਸਲੋਕ ਵੀ ਇਸੇ ਸੰਦਰਭ ਦੀ ਪ੍ਰੋੜਤਾ ਕਰਦਾ ਹੈ:-

ਜੋ ਨਰੁ ਦੁਖ ਮੈਂ ਦੁਖ ਨਹੀ ਮਾਨੈ ॥

ਸੁਖ ਸਨੇਹੁ ਅਰ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥[8]

(2)

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇਕ ਇਤਿਹਾਸਕ ਵਰਤਾਰਾ ਹੋਣ ਕਾਰਨ, ਇਸਦਾ ਵਿਸ਼ਲੇਸ਼ਣ ਤੇ ਵਿਆਖਿਆ ਚਿੰਤਕਾਂ ਨੇ ਆਪਣੇ ਮਤ ਅਨੁਸਾਰ ਕੀਤੀ ਹੈ । ਪਰੰਤੂ ਭਾਈ ਸੰਤੋਖ ਸਿੰਘ ਇਸ ਪ੍ਰਸੰਗ ਦਾ ਵਰਣਨ ਆਪਣੇ ਗ੍ਰੰਥ 'ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ' ਵਿੱਚ ਔਰੰਗਜੇਬ ਦੇ ਜਮਾਨੇ ਅਤੇ ਦੀਨ ਸੰਬੰਧੀ ਨੀਤੀ ਦਾ ਵਰਣਨ ਬਾਰ੍ਹਵੀਂ ਰਾਸ ਦੇ ਅੱਸੂ 27 ਤੋ ਆਰੰਭ ਕਰਦੇ ਹਨ । ਗੁਰੂ ਸਾਹਿਬ ਸੁਖ ਸ਼ਾਂਤੀ ਨਾਲ ਆਨੰਦਪੁਰ ਸਾਹਿਬ ਵਿਖੇ ਜੀਵਨ ਬਤੀਤ ਕਰ ਰਹੇ ਸਨ ਕਿ ਔਰੰਗਜ਼ੇਬ ਜਿਸਨੇ ਤਖਤੋ ਤਾਜ ਨੂੰ ਪ੍ਰਾਪਤ ਕਰਨ ਲਈ ਪਿਤਾ ਨੂੰ ਜੇਲ੍ਹ ਵਿੱਚ ਕੈਦ ਕਰ ਲਿਆ ਸੀ ਤੇ ਆਪਣੇ ਸਕੇ ਭਰਾਵਾਂ ਤੇ ਬੇਟੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ, ਉਸਦੀ ਲਾਲਸਾ ਇਥੇ ਵੀ ਖਤਮ ਨਾ ਹੋਈ, ਸਗੋਂ ਪੁੱਠਾ ਰਾਹ ਅਖ਼ਤਿਆਰ ਕਰਕੇ, ਸਾਰੇ ਮਨੁੱਖਾਂ ਨੂੰ ਸ਼ਰ੍ਹਾ ਅਧੀਨ ਕਰਨ ਦਾ ਨਿਸ਼ਚਾ ਕਰਦੇ ਹੋਏ, ਹਿੰਦੁਸਤਾਨ ਦੀ ਧਰਤੀ ਨੂੰ ਇਸਲਾਮ ਦੀ ਜੰਨਤ ਬਣਾਉਣਾ ਚਾਹੁੰਦਾ ਸੀ। ਇਸ ਮੰਤਵ ਦੀ ਪੂਰਤੀ ਲਈ ਉਸਨੇ ਕਸ਼ਮੀਰ ਦੇ ਉਚਕੋਟੀ ਦੇ ਵਿਦਵਾਨ ਬ੍ਰਾਹਮਣਾਂ ਨੂੰ ਚੁਣਿਆ । ਇਸ ਸੰਬੰਧੀ ਉਸਨੇ ਆਪਣੇ ਕਾਜੀਆਂ ਤੇ ਮੌਲਵੀਆਂ ਨਾਲ ਸਲਾਹ ਕੀਤੀ ਅਤੇ ਉਸਦੇ ਧਰਮ ਗੁਰੂਆਂ ਨੇ ਇਸ ਵਿਚਾਰ ਦੀ ਪ੍ਰੋੜਤਾ ਕੀਤੀ :-

ਭਯੋ ਮਹੁੰਮਦ ਪਸ਼ਚਮ ਦੇਸ਼।

ਤਿਤ ਤੁਰਕਾਨੇ ਓਜ਼ ਵਿਸ਼ੇਸ਼

ਕਿਤ ਕਿਤ ਹਿੰਦੂ ਰਹੇ ਨਿਜੋਰ

ਤੁਰਕ ਕਰੇਂ ਪੂਰਬ ਤਿਸ ਓਰ ।[9]


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਸਲਾਹ ਮਸ਼ਵਰਾ ਕਰਨ ਤੋ ਬਾਅਦ ਸਭ ਤੋ ਪਹਿਲਾ ਪਰਵਾਨਾ ਕਸ਼ਮੀਰ ਦੇ ਸੂਬੇਦਾਰ ਅਫਗਾਨ ਸ਼ੇਰ ਨੂੰ ਭੇਜਿਆ ਗਿਆ ਇਸ ਕਥਾ ਬਿਰਤਾਤ ਨੂੰ P.N.K Bazmi ਆਪਣੀ ਪੁਸਤਕ A History of Kashmir ਵਿੱਚ ਇਸ ਤਰ੍ਹਾਂ ਬਿਆਨ ਕਰਦੇ ਹਨ:-

Iftikhar Khan was using force to convert the pandits in Kashmir to Islam. Some Pious men among the pandits then met and decided to go to Amarnath and invoke the mercy of lord Shiva . At the Amarnath Cave , one of the Pandits Saw in a dream Lord Shiva who told him to go to Tegh Bahadur , the ninth , Sikh Guru , in the Punjab and ask for his help to save the Hindu religion. He spoke to his companions about the revelation.[10]

ਇੱਥੇ ਇਹ ਜ਼ਿਕਰਯੋਗ ਹੈ ਕਿਸ ਸੰਤੋਖ ਸਿੰਘ ਨੇ ਆਪਣੇ ਗ੍ਰੰਥ 'ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ' ਵਿੱਚ ਕਸ਼ਮੀਰ ਦੇ ਸੂਬੇਦਾਰ ਦਾ ਨਾਮ ਅਫ਼ਗਾਨ ਸ਼ੇਰ ਦੱਸਿਆ ਹੈ। ਉਥੇ ਦੂਜੇ ਪਾਸੇ P.N.K Bazmi.ਆਪਣੀ ਪੁਸਤਕ A History of Kashmir ਵਿੱਚ ਇਸਦਾ ਨਾਮ ਇਫਤੀਖਾਰ ਖਾਨ ਲਿਖਦੇ ਹਨ। ਜੋ ਉਸ ਸਮੇਂ (1671-1675) ਤੱਕ ਕਸ਼ਮੀਰ ਦਾ ਮੁਗਲ ਗਵਰਨਰ ਸੀ। ਸ਼ਿਵਜੀ ਦੀ ਭਵਿੱਖਬਾਣੀ ਅਨੁਸਾਰ ਸਰਬ ਸਮਰੱਥ ਅਤੇ ਕਲਿ ਕਾਲ ਵਿੱਚ ਸਹਾਈ ਹੋਣ ਵਾਲੇ, ਗੁਰੂ ਨਾਨਕ ਦੀ ਗੱਦੀ ਤੇ ਬਿਰਾਜਮਾਨ ਨੌਵੇ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਹੀ ਤੁਹਾਡਾ ਕਾਜ ਸੰਵਾਰਨਗੇ :-

ਸੋ ਰਾਖਹਿਗੇ ਧਰਮ ਤੁਹਾਰਾ

ਤਿਨ ਬਿਨ ਅਨ ਤੇ ਹੈ ਉਬਾਰਾ ॥

ਉਠਹੁ ਅਹਾਰ ਜਾਇ ਕਰਿ ਕਰੋ

ਰਿਦੈ ਭਰੋਸਾ ਗੁਰ ਘਰ ਧਰੋ ॥[11]

ਇਸ ਉਪਰੰਤ 500 ਬ੍ਰਾਹਮਣਾਂ ਦਾ ਇੱਕ ਵਫਦ 'ਚੱਕ ਨਾਨਕੀ' ਦੇ ਸਥਾਨ ਤੇ ਉਹਨਾਂ ਨੂੰ ਮਿਲਣ ਪਹੁੰਚਿਆ, ਜੋ ਅੱਜ ਪਵਿੱਤਰ ਨਗਰੀ 'ਸ਼੍ਰੀ ਆਨੰਦਪੁਰ' ਦੇ ਨਾਂ ਨਾਲ ਪ੍ਰਸਿੱਧ ਹੈ ।ਜਦੋ ਗੁਰੂ ਸਾਹਿਬ ਨੇ ਉਨ੍ਹਾਂ ਦਾ ਹਾਲ ਪੁੱਛਿਆ ਤਾਂ ਬਿਪਰਾ ਨੇ ਤੁਰਕਾਂ ਦੇ ਰਾਜ ਵਿੱਚ ਹੋ ਰਹੇ ਭਾਰੀ ਜੁਲਮਾਂ ਹੇਠ , ਆਮ ਲੋਕਾਂ ਦੇ ਦਰਦ ਦੀ ਪੁਕਾਰ ਸੁਣਾਈ । ਉਨ੍ਹਾਂ ਦੀ ਫਰਿਆਦ ਸੁਣਕੇ ਗੁਰੂ ਜੀ ਨੇ ਉੱਤਰ ਦਿੱਤਾ ਜੇ ਮੇਰੇ ਸਿਰ ਦੀ ਕੁਰਬਾਨੀ ਨਾਲ, ਤੁਹਾਡੇ ਵਿਸ਼ਵਾਸ਼ ਦੀ ਤੁਹਾਡੇ ਅਕੀਦੇ ਦੀ ਰੱਖਿਆ ਹੋ ਸਕਦੀ ਹੈ ਤਾਂ ਮੈਂ ਇੱਕ ਖਿਨ ਵੀ ਦੇਰੀ ਨਹੀਂ ਕਰਾਂਗਾ।ਗੁਰੂ ਜੀ ਦਾ ਫਲਸਫਾ ਸੀ, ਕਿ ਧਾਰਮਿਕ ਵਿਸ਼ਵਾਸ਼ ਕਿਸੇ ਤੇ ਜਬਰਦਸਤੀ ਨਹੀਂ ਥੋਪੇ ਜਾਣੇ ਚਾਹੀਦੇ।ਹਰ ਵਿਅਕਤੀ ਨੂੰ ਆਪਣੇ ਅਕੀਦੇ ਅਨੁਸਾਰ ਧਰਮ ਨੂੰ ਮੰਨਣ ਦਾ ਪੂਰਾ ਅਧਿਕਾਰ ਹੈ। ਭਾਵੇਂ ਅਸੀਂ ਕਿਸੇ ਦੀ ਪੂਜਾ ਕਰਨ ਦੇ ਤਰੀਕੇ ਨਾਲ ਸਹਿਮਤ ਨਾ ਵੀ ਹੋਈਏ,ਪਰ ਉਸਦੇ ਵਿਸ਼ਵਾਸ਼ ਦੇ ਅਧਿਕਾਰ ਦੀ ਰਾਖੀ ਕਰਨਾ ਸਾਡਾ ਫਰਜ ਹੈ।

ਸ਼੍ਰੀ ਗੁਰੂ ਤੇਗ ਬਹਾਦਰ ਜੀ ਤੇ ਉਨ੍ਹਾਂ ਦੇ ਤਿੰਨ ਪਿਆਰੇ ਪੈਰੋਕਾਰਾਂ ਭਾਈ ਸਤੀ ਦਾਸ, ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਸਮੇਤ ਆਨੰਦਪੁਰ ਤੋਂ ਤੁਰ ਕੇ ਦਿੱਲੀ ਦੇ ਚਾਂਦਨੀ ਚੌਕ ਵੱਲ ਜਾ ਰਹੇ ਹਨ। ਸੰਸਾਰ ਦੇ ਇਤਿਹਾਸ ਵਿੱਚ ਅਜਿਹਾ ਪਹਿਲਾਂ ਕਦੀ ਨਹੀਂ ਹੋਇਆ ਕਿ ਮਕਤੂਲ (ਕਤਲ ਹੋਣ ਵਾਲਾ) ਆਪ ਚੱਲ ਕੇ ਕਾਤਲ ਕੌਲ ਜਾਵੇ। ਜਦੋਂ ਕਿ ਰਵਾਇਤ ਤਾਂ ਇਹ ਹੈ ਕਾਤਲ ਆਪ ਮਕਤੂਲ ਕੋਲ ਜਾਂਦਾ ਹੈ। ਇਸ ਨੂੰ ਦੇਖਦੇ ਹੋਏ ਇਸ ਤਰ੍ਹਾਂ ਲਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਉਚਾਰੀ ਪੰਗਤੀ 'ਤੇਗ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂੰ ਆਨ' ਗੁਰੂ ਸਾਹਿਬ ਤੇ ਪੂਰੀ ਤਰ੍ਹਾਂ ਢੁੱਕਦੀ ਹੈ।

ਜਦੋਂ ਗੁਰੂ ਜੀ ਨੂੰ ਇਸਲਾਮ ਦੇ ਨਸ਼ੇ ਵਿੱਚ ਧੁੱਤ ਔਰੰਗਜੇਬ ਦੇ ਸਾਹਮਣੇ ਲਿਆਂਦਾ ਗਿਆ ਤਾਂ ਉਸਨੇ ਇਸਲਾਮ ਦੀ ਮਹਿਮਾ ਗਾਉਂਦਿਆਂ ਆਪ ਨੂੰ ਇਸਲਾਮ ਕਬੂਲਣ ਲਈ ਪ੍ਰੇਰਿਆ ਪਰੰਤੂ ਉਸਦੀ ਉਮੀਦ ਦੇ ਉਲਟ ਗੁਰੂ ਜੀ ਨੇ ਕਿਹਾ "ਧਰਮ ਜ਼ਬਰਦਸਤੀ ਤਲਵਾਰਾਂ ਦੀ ਨੋਕ ਉਤੇ ਨਹੀਂ ਬਦਲਿਆ ਜਾ ਸਕਦਾ। ਔਰਗਜ਼ੇਬ ! ਤੇਰੇ ਇਸ ਜੁਲਮ ਨੂੰ ਠੱਲ ਪਾਉਣ ਲਈ ਅਤੇ ਮਾਸੂਮ ਹਿੰਦੂਆ ਦੀ ਰੱਖਿਆ ਲਈ ਅਸੀ ਮੈਦਾਨ ਵਿੱਚ ਉਤਰੇ ਹਾਂ" । ਇਤਿਹਾਸ ਗਵਾਹ ਹੈ ਕਿ ਆਪਣੇ ਬਚਨਾਂ ਤੇ ਪੂਰਾ ਉਤਰਦਿਆਂ ਹੋਇਆ ਗੁਰੂ ਸਾਹਿਬ ਨੇ ਆਪਣੀ ਸ਼ਹਾਦਤ ਦੇ ਦਿੱਤੀ ਤੇ ਉਨ੍ਹਾਂ ਦਾ ਧਾਰਮਿਕ ਵਿਸ਼ਵਾਸ਼ ਤੇ ਅਕੀਦਾ ਬਚਾ ਲਿਆ ਗਿਆ। ਇਸ ਸੰਦਰਭ ਵਿੱਚ ਅਸੀ ਕਈ ਸੈਨਾਪਤੀ ਜੋ ਗੁਰੂ ਗੋਬਿੰਦ ਸਿੰਘ ਦਾ ਦਰਬਾਰੀ ਕਵੀ ਸੀ, ਦੀ ਉਕਤੀ ਬਾਰੇ ਵਿਚਾਰ ਕਰਾਂਗੇ,ਜਿਸਦੇ ਅੰਤਰਗਤ ਉਸਨੇ ਨੌਵੇਂ ਗੁਰੂ ਨੂੰ ਕੇਵਲ ' ਹਿੰਦ ਦੀ ਚਾਦਰ' ਨਾ ਕਿ ਸਗੋਂ 'ਸਗਲ ਸ੍ਰਿਸਟ ਦੀ ਚਾਦਰ' ਕਹਿ ਕੇ ਸੰਬੋਧਿਤ ਕਰਦਾ ਹੈ :-

ਪ੍ਰਗਟ ਭਏ ਗੁਰੂ ਤੇਗ ਬਹਾਦਰ

ਸਗਲ ਸ੍ਰਿਸ਼ਟ ਪੈ ਢਾਪੀ ਚਾਦਰ।[12]

21ਵੀ ਸਦੀ ਜਿਸਨੂੰ ਵਿਸ਼ਵੀਕਰਨ,ਆਧੁਨਿਕੀਕਰਣ ਯੁੱਗ ਦਾ ਨਾਂ ਦਿੱਤਾ ਗਿਆ ਹੈ , ਵਿੱਚ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ 350 ਸਾਲਾਂ ਮਨਾ ਰਹੇ ਹਾਂ। ਇਸ ਦਾ ਕਾਰਣ ਅੱਜ ਵੀ ਉਨ੍ਹਾਂ ਹੀ ਮਹੱਤਵਪੂਰਨ ਹੈ, ਜਿਨ੍ਹਾਂ ਕਿ ਉਸ ਵਕਤ।ਮਨੁੱਖ ਜਦੋਂ ਜਦੋ ਧਰਤੀ ਤੇ ਜਨਮ ਲੈਂਦਾ ਹੈ, ਤਾਂ ਮਨੁੱਖੀ ਅਧਿਕਾਰਾਂ ਤੇ ਸੁੰਤਤਰਤਾਵਾਂ ਨੂੰ ਮਾਣਦੇ ਹੋਏ, ਆਪਣਾ ਜੀਵਨ ਖੁਸ਼ੀ ਖੇੜੇ ਨਾਲ ਸ਼ਾਂਤੀਪੂਰਵਕ ਬਤੀਤ ਕਰਦਾ ਹੈ। 10 ਦਸੰਬਰ 1948 ਨੂੰ ਸੰਯੁਕਤ ਰਾਸ਼ਟਰਾਂ ਦੀ ਜਨਰਲ ਅਸੈਂਬਲੀ ਨੇ ਇਸਦਾ ਵਿਸ਼ਵ ਵਿਆਪੀ ਪੱਧਰ ਤੇ ਐਲਾਨ ਕੀਤਾ। ਉਹਨਾਂ ਅਨੁਸਾਰ :-


© Copyright @ Authors

We hold these truths to be Self
evident that all men are created
equal , that they are endowed by
their , Creator with Certain unalienable
Rights , that among these are life
Liberty and the pursuit of Happiness[13]

ਅਰਥਾਤ ਅਸੀਂ ਇੰਨ੍ਹਾ ਸੱਚਾਈਆਂ ਨੂੰ ਆਪਣੇ ਆਪ ਵਿੱਚ ਸਪੱਸ਼ਟ ਮੰਨਦੇ ਹਾਂ ਕਿ ਸਾਰੇ ਮਨੁੱਖ ਬਰਾਬਰ ਬਣਾਏ ਗਏ ਹਨ, ਕਿਉਂ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਸਿਰਜਣਹਾਰ ਦੁਆਰਾ ਕੁਝ ਅੱਟਲ ਅਧਿਕਾਰਾਂ ਨਾਲ ਨਿਵਾਜਿਆਂ ਗਿਆ ਹੈ। ਜੋ ਆਜ਼ਾਦੀ ਅਤੇ ਖੁਸ਼ੀ ਦੀ ਪ੍ਰਾਪਤੀ ਦੇ ਵਿਚਕਾਰ ਹਨ।

ਜਦੋਂ ਵੀ ਵਿਅਕਤੀ ਜਾਂ ਸਮੂਹ ਦੇ ਨੈਤਿਕ ਸਿਧਾਤਾਂ , ਕਦਰਾਂ - ਕੀਮਤਾਂ ਜਾਂ ਆਚਰਣ , ਸਮਾਜਿਕ ਨਿਯਮਾਂ ਜਾਂ ਵਿਚਾਰਾਂ ਦੀ ਗੱਲ ਆਉਂਦੀ ਹੈ , ਤਾਂ ਜਿਹਨ ਵਿੱਚ ਅਚਨਚੇਤ ਹੀ ਇੱਕ ਸਵਾਲ ਆ ਜਾਂਦਾ ਹੈ ਕਿ ਬੁਨਿਆਦੀ ਹੱਕਾਂ ਦੀ ਗੱਲ ਕਿਸ ਤਰ੍ਹਾਂ ਕੀਤੀ ਜਾਵੇ ? ਜਾਂ ਆਪਣੀ ਲੋਕਤੰਤਰੀ ਮੁੱਲਾਂ ਅਰਥਾਤ Democratic Values ਦੀ ਰੱਖਿਆ ਕਿਸ ਤਰ੍ਹਾਂ ਕੀਤੀ ਜਾਵੇ? ਤਾਂ ਸੁੱਤੇ ਸਿੱਧ ਹੀ 18 ਵੀ ਸਦੀ ਦੇ ਫਰਾਂਸ ਦੇ ਮਹਾਨ ਲੇਖਕ, ਇਤਿਹਾਸਕਾਰ ਤੇ ਦਾਰਸ਼ਨਿਕ Voiltaire ਦੀ ਯਾਦ ਦਿਵਾਉਂਦੀਆ ਹਨ। ਜਿਨ੍ਹਾਂ ਨੇ ਵਿਚਾਰਾਂ ਦੀ ਆਜ਼ਾਦੀ, ਧਰਮ ਦੀ ਆਜ਼ਾਦੀ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ ।

I disapprove of what you say, but I will defend to the death your right to say it. [14]

ਅਰਥਾਤ ਮੈਂ ਤੇਰੇ ਵਿਚਾਰਾਂ ਨਾਲ ਭਾਵੇਂ ਸਹਿਮਤ ਨਹੀ ਹਾਂ, ਪਰ ਤੇਰੇ ਵਿਚਾਰ ਕਾਇਮ ਰਹਿਣ, ਮੈਂ ਆਪਣੀ ਜਾਨ ਦੇ ਦਿਆਗਾਂ । ਜਿੰਨ੍ਹਾਂ ਡੈਮੋਕਰੇਸੀ ਮੁੱਲਾਂ ਦੀ ਗੱਲ Hall and Voltaire ਨੇ ਕੀਤੀ, ਹੈ ਇੰਨ੍ਹਾਂ ਦੀ ਸ਼ੁਰੂਆਤ ਸਿੱਖ ਇਤਿਹਾਸ ਵਿੱਚ ਗੁਰੂ ਤੇਗ ਬਹਾਦਰ ਤੋਂ ਹੋ ਗਈ ਸੀ ਕਿਉਂ ਕਿ ਗੁਰੂ ਜੀ ਨੇ ਆਪਣੀ ਸ਼ਹਾਦਤ ਨਾਲ ਉਹਨਾਂ ਡੈਮੋਕਰੇਸੀ ਮੁੱਲਾਂ ਦੀ ਹੀ ਰੱਖਿਆ ਕੀਤੀ ਸੀ । ਗੁਰੂ ਜੀ ਅਨੁਸਾਰ ਭਾਵੇਂ ਮੈਂ ਤਿਲਕ ਨਹੀਂ ਲਾਉਂਦਾ , ਜਨੇਊ ਨਹੀਂ ਪਾਉਂਦਾ , ਪਰੰਤੂ ਫਿਰ ਵੀ ਮੈਂ ਤਿਲਕ ਤੇ ਜਨੇਊ ਨੂੰ ਜਬਰੀ ਲਹਿਣ ਨਹੀਂ ਦਿਆਗਾ । ਅੱਜ ਅਸੀ ਆਪਣੇ ਮਨੁੱਖੀ ਹੱਕਾਂ ਤੇ ਅਧਿਕਾਰਾਂ ਦੀ ਪ੍ਰਾਪਤੀ ਲਈ ਜੱਦੋ ਜਹਿਦ ਕਰ ਰਹੇ ਹਾਂ। ਇਸਦਾ ਰਾਹ ਸ਼੍ਰੀ ਗੁਰੂ ਤੇਗ ਬਹਾਦਰ ਜੀ ਆਪਣੀ ਸ਼ਹਾਦਤ ਨਾਲ ਦੱਸ ਗਏ ਸਨ। ਦਿੱਲੀ ਦਾ ਇਤਿਹਾਸਿਕ ਚਾਂਦਨੀ ਚੌਕ, ਉਸ ਮਹਾਨ ਸ਼ਹੀਦੀ ਦੀ ਯਾਦਗਾਰ ਹੈ , ਜੋ ਗੁਰੂ ਸਾਹਿਬ ਦੀ ਲਾ ਮਿਸਾਲ ਕੁਰਬਾਨੀ ਦੀ ਯਾਦ ਦਿਵਾਉਂਦਾ ਹੈ । ਇਹ ਤਵਾਰੀਖ ਯਾਦ ਦਵਾਉਂਦੀ ਹੈ, ਉਹਨਾਂ ਬੁਨਿਆਦੀ ਸਿਧਾਂਤਾਂ ਤੋਂ ਹਕੂਕਾਂ ਦੀ ,ਮਨੁੱਖੀ ਅਧਿਕਾਰਾਂ ਦੀ, ਜਿਸ ਕਾਰਣ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਕੁਰਬਾਨੀ ਕੀਤੀ। ਅੱਜ ਦੀ ਨੌਜਵਾਨ ਪੀੜ੍ਹੀ ਨੂੰ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਜ਼ਿੰਦਗੀ, ਚਰਿੱਤਰ ਅਤੇ ਬਲੀਦਾਨ ਤੋ ਪ੍ਰੇਰਨਾ ਹਾਸਲ ਕਰਕੇ ਮਨੁੱਖੀ ਅਤੇ ਨੈਤਿਕ ਕਦਰਾਂ- ਕੀਮਤਾਂ ਨਾਲ ਜਿੰਦਗੀ 'ਚ ਅੱਗੇ ਵਧਣ ਦੀ ਲੋੜ ਹੈ ਤਾਂ ਕਿ ਭਾਰਤ ਮੁੜ ਤੋ ਵਿਸ਼ਵ ਗੁਰੂ ਬਣੇ।ਸਾਨੂੰ ਉਹਨਾਂ ਦੀਆਂ ਸਿੱਖਿਆਵਾਂ ਅਤੇ ਬਲ਼ੀਦਾਨ ਤੋਂ ਸਬਕ ਲੈਣ ਦੀ ਲੌੜ ਹੈ, ਉਨ੍ਹਾਂ ਨੇ ਅੰਧ ਵਿਸ਼ਵਾਸ, ਜਾਤੀ ਆਧਾਰਿਤ ਵਿਤਕਰਾਂ, ਧਰਮ ਅਤੇ ਛੂਤਛਾਤ ਵਿਰੁੱਧ ਲੜ੍ਹਾਈ ਲੜੀ ਤਾਂ ਕਿ ਹਰ ਇਨਸਾਨ ਆਪਣੀ ਪਸੰਦ ਦੀ ਆਦਰਸ਼ ਜਿੰਦਗੀ ਜੀਅ ਸਕੇ। ਇੱਕ ਸੱਚਾ ਧਰਮ ਸਾਨੂੰ ਸਮਾਜ ਅਤੇ ਲੋਕਾਂ ਦੀ ਸਰਵੋਤਮ ਢੰਗ ਨਾਲ ਸੇਵਾ ਕਰਨੀ ਸਿਖਾਉਂਦਾ ਹੈ। ਸ਼੍ਰੀ ਗੁਰੂ ਤੇਗ ਬਹਾਦਰ ਜੀ ਕਮਜ਼ੋਰ, ਸਮਾਜ ਤੋ ਵਾਂਝੇ ਤੇ ਅਣਹੋਏ ਲੋਕਾਂ ਦੀ ਬਿਹਤਰੀ ਲਈ ਲੜੇ। ਉਨ੍ਹਾਂ ਦੇ ਸਪੁੱਤਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾ ਕੇਵਲ ਆਪਣੇ ਪਿਤਾ ਦੇ ਸਿਧਾਂਤਾਂ ਤੇ ਕਦਰਾਂ - ਕੀਮਤਾਂ ਨੂੰ ਕਾਇਮ ਰੱਖਿਆ, ਸਗੋਂ ਖਾਲਸਾ ਪੰਥ ਦੀ ਸਾਜਨਾ ਕਰਕੇ , ਉਹਨਾਂ ਨੂੰ ਅੱਗੇ ਵਧਾਇਆ ਜੋ ਧਾਰਮਿਕਤਾਂ ਅਤੇ ਨਿਆਂ ਲਈ ਲੜ੍ਹਾਈ ਦਾ ਇੱਕ ਸ਼ਾਨਦਾਰ ਪ੍ਰਤੀਕ ਹੈ। ਸ਼੍ਰੀ ਗੁਰੂ ਤੇਗ ਬਹਾਦਰ ਜ਼ੀ ਦੇ ਮਹਾਨ ਸ਼ਬਦ ਮਨੁੱਖਤਾ ਲਈ ਊਰਜਾ ਤੇ ਗਿਆਨ ਦਾ ਚਿਰਸਥਾਈ ਸਰੋਤ ਹਨ, ਇੰਨ੍ਹਾਂ ਨੂੰ ਆਪਣੀ ਜਿੰਦਗੀ ਦੇ ਅਮਲ ਵਿੱਚ ਲਿਆਉਣਾ ਹੀ ਸਾਡੇ ਵੱਲੋਂ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਅੱਜ ਲੋੜ ਹੈ ਕਿ ਸ਼ਹੀਦਾਂ ਨੂੰ ਯਾਦ ਕਰਨ ਲਈ ਸਿੱਖ ਕੌਮ ਸਵਾਰਥੀ ਤੇ ਰਾਜਸੀ ਵਿਤਕਰਿਆ ਤੋ ਉਠ ਕੇ ਰੂਹਾਨੀਅਤ ਇਲਾਹੀ ਪੈਂਡੇ ਗੁਰੂ ਦੀ ਲਿਵ ਤੇ ਕਿਰਪਾ ਵਿੱਚ ਤੈਅ ਕਰੇ। ਜੇਕਰ ਅਸੀਂ ਗੁਰੂ ਦੇ ਵਿਚਾਰਾਂ ਜਾਂ ਸਿਧਾਤਾਂ ਦੇ ਧਾਰਨੀ ਨਹੀਂ ਬਣਦੇ ਤਾਂ ਫਿਰ ਸ਼ਤਾਬਦੀਆਂ ਜਿੰਨੀਆਂ ਮਰਜ਼ੀ ਮਨਾ ਲਈਏ ਅਜਿਹਾ ਕਰਕੇ ਗੁਰੂਆਂ ਤੇ ਸ਼ਹੀਦਾਂ ਦਾ ਰੂਹਾਨੀ ਸਾਥ ਨਹੀਂ ਪ੍ਰਾਪਤ ਹੋ ਸਕਦਾ ਤੇ ਨਾ ਹੀ ਰਿਣ ਮੁਕਤ ਹੋ ਸਕਦੇ ਹਾਂ। ਹਰਿੰਦਰ ਸਿੰਘ ਮਹਿਬੂਬ ਦੇ ਸ਼ਬਦਾਂ ਵਿੱਚ :-

ਰਹਿਣ ਸ਼ਹੀਦ ਇਕੱਲੜੇ ਸੁੰਨੇ ਲੱਖ ਵਰ੍ਹੇ

ਗੁਰੂ ਦੇ ਪੈਂਡੇ ਕੌਮ ਨਾ ਜਦ ਤਕ ਸਫ਼ਰ ਕਰੇ ।[15]

**ਹਵਾਲੇ ਅਤੇ ਟਿੱਪਣੀਆਂ**

1. ਪ੍ਰੋ : ਪਿਆਰਾ ਸਿੰਘ ਪਦਮ, ਗੁਰੂ ਘਰ, ਪੰਨਾ 233

1. 2. The Arabic word for 'martyr' in the Quran and Muslim theology is Shaid Pl Shudeed or Shahid , the literal meaning of which is present as a witness , (Thomas Patrick Hughes, Dictionary of Islam , Rupa Co. 1999, Page 327.


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

2. ਕੁਰਾਨ ਮਜੀਦ,(ਗੁਰਮੁਖੀ ਅਨੁਵਾਦ), ਨਾਜ਼ਿਰ ਦਾਵਤੋ ਤਬਲੀਮ , ਕਾਦੀਆਂ 1983, ਪੰਨੇ 191,199
3. Puran Singh (Prof.) The Spirit Born People , Language Deptt. Punjab Patiala , P-147
4. ਡਾ :ਜਸਪਾਲ ਸਿੰਘ,ਦੇਖੋ ਸ਼ਹੀਦੀ ਪਰੰਪਰਾ ਤੇ ਸਿੱਖ ਇਤਿਹਾਸਿਕ ,ਸੰਪਾਦਕ, ਡਾ. ਮਹਿੰਦਰ ਕੌਰ ਗਿੱਲ, ਪੰਨਾ-30-31
5. ਰਾਗ ਵਡਹੰਸ ਅਲਾਹੁਣੀਆਂ, ਮਹੱਲਾ ਪਹਿਲਾ, ਗੁਰੂ ਗ੍ਰੰਥ ਸਾਹਿਬ, ਪੰਨਾ 579
6. ਗੁਰੂ ਗ੍ਰੰਥ ਸਾਹਿਬ, ਪੰਨਾ- 1102
7. ਉਹੀ, ਪੰਨਾ-633
8. ਭਾਈ ਸੰਤੋਖ ਸਿੰਘ ,ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਜਿਲਦ ਦਸਵੀਂ, ਪੰਨਾ- 4332
9. Cultural and Political Histoy of Kashmir,Vol-1,P.N.K.Bamzi,P-31
10. ਭਾਈ ਸੰਤੋਖ ਸਿੰਘ ,ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਜਿਲਦ ਦਸਵੀਂ, ਪੰਨਾ-4336
11. ਕਵੀ ਸੈਨਾਪਤੀ ਸ਼੍ਰੀ ਗੁਰੂ ਸੋਭਾ ਸਿੰਘ , ਪੰਨਾ- 65
12. United Stats Declaration of Independence , 1776
13. 14. Tallentyre S.G (1906) Helveties THe contradictim The friends of Voltaire, London Smith Elder , & CoP 199
14. ਸ਼ਹੀਦ ਦੀ ਅਰਦਾਸ (ਕਵਿਤਾ),ਹਰਿੰਦਰ ਸਿੰਘ ਮਹਿਬੂਬ,ਭਾਗ-1, ਨੰਬਰ 7 ਅਧੀਨ 147
15. ਡਾ :ਜਸਪਾਲ ਸਿੰਘ , ਦੇਖੋ ਸ਼ਹੀਦੀ ਪਰੰਪਰਾ ਤੇ ਸਿੱਖ ਇਤਿਹਾਸਿਕ , ਸੰਪਾਦਿਕਾ ਡਾ ਮਹਿੰਦਰ
16. ਕੌਰ ਗਿੱਲ ਪੰਨੇ 30-31
17. ਰਾਗ ਵਡਹੰਸ ਅਲਾਹੁਣੀਆਂ, ਮਹੱਲਾ ਪਹਿਲਾ, ਗੁਰੂ ਗ੍ਰੰਥ ਸਾਹਿਬ, ਪੰਨਾ 579
18. ਗੁਰੂ ਗ੍ਰੰਥ ਸਾਹਿਬ, ਪੰਨਾ 1102
19. ਉਹੀ, ਪੰਨਾ:633
20. ਭਾਈ ਸੰਤੋਖ ਸਿੰਘ ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਜਿਲਦ ਦਸਵੀਂ ਪੰਨਾ , 4332 ਅੰਸ਼ 27.4
21. ਓਹੀ, ਪੰਨਾ 4336:3
22. ਰਤਨ ਸਿੰਘ ਭੰਗੂ , ਸ਼੍ਰੀ ਗੁਰੂ ਪੰਥ ਪ੍ਰਕਾਸ਼ , ਸੰਪਾਦਕ ਡਾ ਜੀਤ ਸਿੰਘ ਸ਼ੀਤਲ
23. ਕਵੀ ਸੈਨਾਪਤੀ ਸ਼੍ਰੀ ਗੁਰੂ ਸੋਭਾ ਸਿੰਘ , ਪੰਨਾ ਨੰਬਰ 65, 1776. (1906), 199


© Copyright @ Authors